# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

**ਕੰਟਰੋਲਰ (ਪ੍ਰੀਖਿਆਵਾਂ) ਦਫ਼ਤਰ**

ਨੰ. 3004 /ਸੀ.ਓ.ਈ.

ਮਿਤੀ 9/9/2020

## ਜ਼ਰੂਰੀ ਸੂਚਨਾ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਅਖੀਰਲੇ ਸਮੈਸਟਰ/ਕਲਾਸਾਂ ਦੀਆਂ ਪ੍ਰੀਖਿਆਵਾਂ ਮਿਤੀ 25.09.2020 ਤੋਂ ਕਰਵਾਉਣ ਦਾ ਫੈਸਲਾ ਲਿਆ ਗਿਆ ਹੈ। ਇਸ ਫੈਸਲੇ ਦੇ ਤਹਿਤ ਇਨ੍ਹਾਂ ਕਲਾਸਾਂ ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ ਕਾਲਜ/ਵਿਭਾਗ ਦੇ ਪ੍ਰਿੰਸੀਪਲ/ਮੁਖੀ ਵੱਲੋਂ ਆਪਣੇ ਪੱਧਰ ਤੇ Online Mode ਰਾਹੀਂ ਮਿਤੀ 19.09.2020 ਤੱਕ ਪੂਰੀਆਂ ਕਰਵਾਈਆਂ ਜਾਣਗੀਆਂ। ਥਿਊਰੀ ਪ੍ਰੀਖਿਆਵਾਂ Blended Mode ਵਿੱਚ ਕਰਵਾਈਆਂ ਜਾਣਗੀਆਂ ਜਿਸ ਤਹਿਤ ਪ੍ਰਸ਼ਨ-ਪੱਤਰ ਵਿਦਿਆਰਥੀਆਂ ਨੂੰ ਆਨਲਾਈਨ ਮੁਹੱਈਆ ਕਰਵਾਇਆ ਜਾਵੇਗਾ। ਵਿਦਿਆਰਥੀਆਂ ਵੱਲੋਂ ਪ੍ਰਸ਼ਨ-ਪੱਤਰ ਡਾਊਨਲਾਊਡ ਕਰਕੇ A-4 ਸ਼ੀਟਾਂ ਤੇ ਹਲ ਕੀਤਾ ਜਾਵੇਗਾ ਅਤੇ ਹਲ ਕੀਤੇ ਉੱਤਰ-ਪੰਨੇ ਵਿਦਿਆਰਥੀ ਵੱਲੋਂ ਦਿੱਤੇ ਨਿਰਦੇਸ਼ਾਂ ਅਨੁਸਾਰ ਅਪਲੋਡ ਕੀਤੇ ਜਾਣਗੇ। ਪੇਪਰ ਹਲ ਕਰਨ ਦਾ ਸਮਾਂ 2 ਘੰਟੇ ਰਹੇਗਾ ਜਿਸ ਦੌਰਾਨ ਵਿਦਿਆਰਥੀ 50 ਪ੍ਰਤੀਸ਼ਤ ਪ੍ਰਸ਼ਨ-ਪੱਤਰ ਹਲ ਕਰੇਗਾ ਅਤੇ ਧਿਆਨ ਰਖੇਗਾ ਕਿ ਉਸਨੇ ਕੁਲ ਅੰਕਾਂ ਦੇ 50 ਪ੍ਰਤੀਸ਼ਤ ਅੰਕਾਂ ਦਾ ਪ੍ਰਸ਼ਨ-ਪੱਤਰ ਹਲ ਕੀਤਾ ਹੈ। ਇਸ ਤੋਂ ਇਲਾਵਾ 02 ਘੰਟੇ ਦਾ ਸਮਾਂ ਪ੍ਰਸ਼ਨ ਪੇਪਰ ਡਾਊਨਲੋਡ ਅਤੇ ਉੱਤਰ-ਪੰਨੇ ਅਪਲੋਡ ਕਰਨ ਦਾ ਸਮਾਂ ਦਿੱਤਾ ਜਾਵੇਗਾ। ਜੇਕਰ ਵਿਦਿਆਰਥੀ ਵੱਲੋਂ ਉੱਤਰ-ਪੰਨੇ ਅਪਲੋਡ ਕਰਨ ਵਿੱਚ ਦਿੱਕਤ ਆਉਂਦੀ ਹੈ ਤਾਂ ਉਮੀਦਵਾਰ ਨੂੰ ਕਿਸੇ ਨੇੜੇ ਦੇ ਪੰਜਾਬੀ ਯੂਨੀਵਰਸਿਟੀ ਨਾਲ ਸਬੰਧਿਤ ਕਾਲਜ ਵਿਖੇ ਉੱਤਰ-ਪੰਨੇ ਜਮ੍ਹਾਂ ਕਰਵਾਉਣ ਦੀ ਸਹੂਲਤ ਰਹੇਗੀ। ਜੇਕਰ ਵਿਦਿਆਰਥੀ ਦੇ ਘਰ ਦੇ ਨੇੜੇ ਪੰਜਾਬੀ ਯੂਨੀਵਰਸਿਟੀ ਨਾਲ ਸਬੰਧਿਤ ਕਾਲਜ ਨਹੀਂ ਹੈ ਤਾਂ ਉਮੀਦਵਾਰ ਨੂੰ ਸਪੀਡ ਪੋਸਟ/ਰਜਿਸਟਰਡ ਪੋਸਟ ਰਾਹੀਂ ਉੱਤਰ-ਪੰਨੇ ਕੰਟਰੋਲਰ (ਪ੍ਰੀਖਿਆਵਾਂ) ਨੂੰ ਭੇਜਣ ਦੀ ਆਪਸ਼ਨ ਦਿੱਤੀ ਜਾਵੇਗੀ। ਪ੍ਰੀਖਿਆਵਾਂ ਨਾਲ ਸਬੰਧਿਤ ਬਾਕੀਆਂ ਦੀਆਂ ਹਦਾਇਤਾਂ ਸਮੇਂ-ਸਮੇਂ ਤੇ ਤਹਿ ਕਰਕੇ ਵੈਬਸਾਈਟ ਤੇ ਪਾਈਆਂ ਜਾਣਗੀਆਂ।

9/9/2020

**ਕੰਟਰੋਲਰ (ਪ੍ਰੀਖਿਆਵਾਂ)**

ਕੰਟਰੋਲਰ (ਪਰੀਖਿਆਵਾਂ)
ਪੰਜਾਬੀ ਯੂਨੀਵਰਸਿਟੀ,
ਪਟਿਆਲਾ